

# ਕਸ਼ਮੀਰ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਅਣਥੱਕ ਸੇਵਾ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜੰਮੂ ਕਸ਼ਮੀਰ ਦੀ ਕੁਦਰਤੀ ਆਫਤ ਦੇ ਪੀੜਤ ਲੋਕਾਂ ਦੀ ਸਹਾਇਤਾ ਲਈ ਭੇਜੀ ਗਈ ਟੀਮ ਦਿਨ ਰਾਤ ਸਖਤ ਮਿਹਨਤ ਕਰਕੇ ਹਰ ਤਰ੍ਹਾਂ ਦੀ ਮਦਦ ਕਰ ਰਹੀ ਹੈ। ਲੋੜਵੰਦ ਲੋਕਾਂ ਨੂੰ ਪਾਣੀ, ਰਾਸ਼ਨ, ਚੱਪਲਾਂ, ਕੱਪੜੇ, ਦਵਾਈਆਂ ਅਤੇ ਹੋਰ ਲੋੜੀਂਦੇ ਸਾਮਾਨ ਰਾਹੀਂ ਮਦਦ ਕੀਤੀ ਜਾ ਰਹੀ ਹੈ। ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਕ ਕਮੇਟੀ ਦੀ ਟੀਮ ਦੇ ਆਗੂ ਸ. ਕੇਵਲ ਸਿੰਘ ਬਾਦਲ ਸੀਨੀਅਰ ਮੀਤ ਪ੍ਰਧਾਨ, ਅੰਤ੍ਰਿੰਗ ਮੈਂਬਰ ਸ. ਕਰਨੈਲ ਸਿੰਘ ਪੰਜੋਲੀ ਅਤੇ ਸਕੱਤਰ ਸ. ਦਲਜੀਤ ਸਿੰਘ ਬੇਦੀ ਨੇ ਸ਼ਹਿਰ ਦੇ ਵੱਖ-ਵੱਖ ਖੇਤਰਾਂ ਦਾ ਦੌਰਾ ਕਰਨ ਤੋਂ ਬਾਅਦ ਦੱਸਿਆ ਕਿ ਹਾਲੇ ਵੀ ਸ਼ਹਿਰ ਅੰਦਰ ਕਈ ਥਾਵਾਂ 'ਤੇ ੧੦-੧੦ ਫੁੱਟ ਪਾਣੀ ਭਰਿਆ ਹੋਇਆ ਹੈ। ਮੁਢਲੀਆਂ ਲੋੜਾਂ ਨੂੰ ਪੂਰੀਆਂ ਕਰਨ ਤੋਂ ਬਾਅਦ ਹੁਣ ਇਸ ਗੱਲ ਦੀ ਭਰਪੂਰ ਚਿੰਤਾ ਹੈ ਕਿ ਖੜ੍ਹੇ ਪਾਣੀ ਕਾਰਨ ਭਿਆਨਕ ਬਿਮਾਰੀਆਂ ਨਾ ਫੈਲਣ ਜਿਸ ਦੇ ਟਾਕਰੇ ਲਈ ਵੱਡੀ ਪੱਧਰ 'ਤੇ ਮੈਡੀਕਲ ਕੈਂਪ ਲਾਉਣ ਦੀ ਸਖਤ ਜ਼ਰੂਰਤ ਪਵੇਗੀ ਜਿਸ ਸਬੰਧੀ ਵੀ ਸ਼੍ਰੋਮਣੀ ਗੁਰਦੁਆਰਾ






ਪ੍ਰਬੰਧਕ ਕਮੇਟੀ ਪੂਰੀ ਤਰ੍ਹਾਂ ਤਿਆਰ ਹੈ। ਸ਼੍ਰੋਮਣੀ ਕਮੇਟੀ ਦੇ ਐਡੀ: ਸਕੱਤਰ ਸ. ਦਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ ਸ. ਕਰਨੈਲ ਸਿੰਘ ਪੰਜੋਲੀ ਜੰਮੂ ਕਸ਼ਮੀਰ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨਾਲ ਟੈਲੀਫੋਨ ਉੱਤੇ ਗੱਲਬਾਤ ਕਰ ਕੇ ਪੁੱਛਿਆ ਕਿ ਜਿੱਥੇ ਕਿਤੇ ਵੀ ਕੋਈ ਸਿੱਖ ਫਸਿਆ ਹੈ, ਉਸ ਸਬੰਧੀ ਸਾਨੂੰ ਜਾਣਕਾਰੀ ਦਿੱਤੀ ਜਾਵੇ ਤਾਂ ਕਿ ਸ਼੍ਰੋਮਣੀ ਕਮੇਟੀ ਉਸ ਦੀ ਮਦਦ ਕਰ ਸਕੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭੇਜੀ ਰਿਪੋਰਟ ਤੋਂ ਬਾਅਦ ਕਮੇਟੀ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਮੁਢਲੀ ਸਹਾਇਤਾ ਤਾਂ ਹੋ ਰਹੀ ਹੈ ਪ੍ਰੰਤੂ ਅਜੇ ਠੰਡ ਦਾ ਮੌਸਮ ਸ਼ੁਰੂ ਹੋਣ ਜਾ ਰਿਹਾ ਹੈ ਜਿਸ ਲਈ ਕੇਂਦਰ ਅਤੇ ਰਾਜ ਸਰਕਾਰ, ਉਨ੍ਹਾਂ ਸਾਰੇ ਲੋਕਾਂ ਨੂੰ ਫੈਬਰਿਕ ਘਰ ਬਣਾ ਕੇ ਦਿੱਤੇ ਜਾਣ ਤਾਂ ਕਿ ਇਹ ਲੋਕ ਠੰਡ ਤੋਂ ਬਚ ਸਕਣ। ਜਥੇ. ਅਵਤਾਰ ਸਿੰਘ ਨੇ ਕਿਹਾ ਕਿ ਇਹ ਵੱਡੀ ਆਫਤ ਹੈ ਜਿਸ ਨਾਲ ਨਿਪਟਣ ਲਈ ਪੂਰੇ ਦੇਸ਼ ਨੂੰ ਇੱਕਜੁੱਟ ਹੋ ਕੇ ਸਹਾਇਤਾ ਕਰਨੀ ਚਾਹੀਦੀ ਹੈ। ਉਨ੍ਹਾਂ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਅਤੇ ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਸ੍ਰੀ ਉਮਰ ਅਬਦੁੱਲਾ ਅਤੇ ਫੌਜ ਦੀ ਭਰਪੂਰ ਪ੍ਰਸੰਸਾ ਕੀਤੀ ਜਿਨ੍ਹਾਂ ਨੇ ਪੂਰੀ ਤਨਦੇਹੀ ਨਾਲ ਇਸ ਮੁਸੀਬਤ ਸਮੇਂ ਸਖਤ ਮਿਹਨਤ ਕੀਤੀ ਹੈ। ਸ਼੍ਰੋਮਣੀ ਕਮੇਟੀ ਦੀ ਟੀਮ ਵੱਲੋਂ ਸ੍ਰੀਨਗਰ 'ਚ ਫਸੇ ਕੁੱਝ ਲੋਕਾਂ ਨੂੰ ਆਪਣੇ ਖਰਚੇ ਉਤੇ ਜਹਾਜ਼ ਰਾਹੀਂ ਜੰਮੂ ਭੇਜਿਆ ਗਿਆ ਅਤੇ ਅਜਿਹੇ ਯਤਨ ਲਗਾਤਾਰ ਜਾਰੀ ਹਨ।

ਰਿਪੋਰਟ- ਰੋਜ਼ਾਨਾ ਪੰਜਾਬ ਟਾਇਮਜ਼ (੧੩ ਸਤੰਬਰ ੨੦੧੪)








# ਜੰਮੂ-ਕਸ਼ਮੀਰ ਦੇ ਹੜ੍ਹ ਪੀੜਤਾਂ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਰਕਾਰ ਤੋਂ ਵੀ ਵੱਧ ਮਦਦ ਕੀਤੀ

ਸਤੰਬਰ ਮਹੀਨੇ ਦੇ ਸ਼ੁਰੂ 'ਚ ਜੰਮੂ-ਕਸ਼ਮੀਰ ਵਿਚ ਆਏ ਭਿਆਨਕ ਹੜ੍ਹਾਂ ਦੌਰਾਨ ਸਰਕਾਰ ਤੋਂ ਵੀ ਪਹਿਲਾਂ ਉਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲੋਕਾਂ ਦੀ ਮਦਦ ਲਈ ਪਹੁੰਚ ਗਈ ਸੀ। ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਸ. ਦਿਲਜੀਤ ਸਿੰਘ ਬੇਦੀ ਦੀ ਅਗਵਾਈ 'ਚ ਸ਼੍ਰੋਮਣੀ ਕਮੇਟੀ ਦੀ ਟੀਮ ਨੇ ਲਗਾਤਾਰ ਜੰਮੂ-ਕਸ਼ਮੀਰ 'ਚ ਹੜ੍ਹ ਰਾਹਤ ਕੈਂਪ ਲਗਾ ਕੇ ਲੋਕਾਂ ਨੂੰ ਸਹਾਇਤਾ ਦਿੱਤੀ। ਸ਼੍ਰੋਮਣੀ ਕਮੇਟੀ ਵੱਲੋਂ ੯ ਸਤੰਬਰ ਤੋਂ ਲੈ ਕੇ ਜੰਮੂ-ਕਸ਼ਮੀਰ ਦੇ ਹੜ੍ਹ ਪੀੜਤ ਲੋਕਾਂ ਲਈ ੧੦੦੦ ਟਨ ਤੋਂ ਵੱਧ ਰਾਸ਼ਨ ਸਮੱਗਰੀ ਭੇਜੀ ਜਾ ਚੁੱਕੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਕਿਰਾਏ 'ਤੇ ਕੀਤੇ ਗਏ ਵਿਸ਼ੇਸ਼ ਹਵਾਈ ਜਹਾਜ਼ਾਂ ਰਾਹੀਂ ਜੰਮੂ-ਕਸ਼ਮੀਰ 'ਚ ਹੜ੍ਹ ਪੀੜਤਾਂ ਲਈ ਰਾਸ਼ਨ, ਦਵਾਈਆਂ, ਬਿਸਤਰੇ, ਕੱਪੜੇ ਅਤੇ ਹੋਰ ਸਮੱਗਰੀ ਭੇਜੀ ਗਈ। ਕਸ਼ਮੀਰ 'ਚ ਬਡਗਾਮ ਖੇਤਰ ਦੇ ਗੁਰਦੁਆਰਾ ਸ਼ਹੀਦ ਬੁੰਗਾ ਵਿਖੇ ਲੰਗਰ ਅਤੇ ਰਾਹਤ ਕੈਂਪ ਲੰਮਾ ਸਮਾਂ ਚੱਲਦਾ ਰਿਹਾ ਹੈ।

ਜੰਮੂ-ਕਸ਼ਮੀਰ ਦੇ ਹੜ੍ਹ ਪੀੜਤਾਂ ਦੀ ਮਦਦ ਲਈ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਗਏ ਉਪਰਾਲਿਆਂ ਦੀ ਦੁਨੀਆ ਭਰ 'ਚ ਚਰਚਾ ਹੋਈ ਹੈ। ਕਮੇਟੀ ਦੇ ਸਮੂਹ ਮੁਲਾਜ਼ਮਾਂ ਵਲੋਂ ਪੀੜਤਾਂ ਦੀ ਮਦਦ ਲਈ ਆਪਣੀ ੨-੨ ਦਿਨਾਂ ਦੀ ਤਨਖਾਹ ਰਾਹਤ ਕਾਰਜਾਂ ਲਈ ਭੇਜੀ ਗਈ। ੧੨ ਸਤੰਬਰ ਨੂੰ ਭਾਰਤੀ ਫੌਜ ਨੇ ਵੀ ਸ਼੍ਰੋਮਣੀ ਕਮੇਟੀ ਦੇ ਉਪਰਾਲਿਆਂ ਤੋਂ ਪ੍ਰਭਾਵਿਤ ਹੋ ਕੇ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਕਿ ਉਹ ਕਸ਼ਮੀਰ ਦੇ ਹੜ੍ਹ ਪੀੜਤਾਂ ਲਈ ਭੋਜਨ ਦੀ ਵਿਵਸਥਾ ਕਰੇ। ਜਿਸ 'ਤੇ ਅੰਮ੍ਰਿਤਸਰ ਸਥਿਤ ਸ੍ਰੀ ਦਰਬਾਰ ਸਾਹਿਬ ਦੇ ਗੁਰੂ ਰਾਮ ਦਾਸ ਲੰਗਰ ਵਿੱਚੋਂ ਰੋਜ਼ਾਨਾ ਇਕ ਲੱਖ ਪਰੌਂਠੇ ਅਤੇ ਸੁੱਕੀਆਂ ਸਬਜ਼ੀਆਂ ਤਿਆਰ ਕਰਕੇ ਪੈਕੇਟਬੰਦ ਭੋਜਨ ਰੋਜ਼ਾਨਾ ਹਵਾਈ ਜਹਾਜ਼ਾਂ ਰਾਹੀਂ ਜੰਮੂ-ਕਸ਼ਮੀਰ ਭੇਜਿਆ ਗਿਆ। ਸ਼੍ਰੋਮਣੀ ਕਮੇਟੀ ਵੱਲੋਂ ਜੰਮੂ-ਕਸ਼ਮੀਰ 'ਚ ਫ਼ਸੇ ਲਗਭਗ ੨ ਹਜ਼ਾਰ ਪੰਜਾਬੀਆਂ ਨੂੰ ਆਪਣੇ ਖਰਚੇ 'ਤੇ ਹਵਾਈ ਜਹਾਜ਼ਾਂ ਰਾਹੀਂ ਅੰਮ੍ਰਿਤਸਰ ਤੇ ਹੋਰਨਾਂ ਥਾਵਾਂ 'ਤੇ ਲਿਆਂਦਾ ਗਿਆ। ਸ਼੍ਰੋਮਣੀ ਕਮੇਟੀ ਦੀ ਟੀਮ ਵਲੋਂ ਜੰਮੂ-ਕਸ਼ਮੀਰ ਵਿਚ ਹੜ੍ਹ ਪੀੜਤਾਂ ਦੀ











ਮੁੱਢਲੀ ਰਾਹਤ ਸਹਾਇਤਾ ਤੋਂ ਬਾਅਦ ਡਿੱਗੇ ਘਰਾਂ ਦੇ ਮਲਬਿਆਂ ਅਤੇ ਹੜ੍ਹ ਦੇ ਖੜ੍ਹੇ ਪਾਣੀਆਂ 'ਚ ਬਦਬੂ ਮਾਰ ਰਹੀਆਂ ਮਨੁੱਖੀ ਲਾਸ਼ਾਂ ਨੂੰ ਲੱਭ ਲੱਭ ਕੇ ਉਨ੍ਹਾਂ ਦਾ ਮ੍ਰਿਤਕਾਂ ਦੀਆਂ ਧਾਰਮਿਕ ਰਸਮਾਂ ਮੁਤਾਬਕ ਅੰਤਿਮ ਸਸਕਾਰ ਵੀ ਕੀਤਾ ਗਿਆ। ਇਸ ਤੋਂ ਇਲਾਵਾ ਜੰਮੂ-ਕਸ਼ਮੀਰ ਦੇ ਪੰਜਾਬ ਵਿਚ ਪੜ੍ਹ ਰਹੇ ਸੈਂਕੜੇ ਵਿਦਿਆਰਥੀਆਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ੫੦੦੦ ਰੁਪਏ ਪ੍ਰਤੀ ਮਹੀਨਾ ਹਰੇਕ ਵਿਦਿਆਰਥੀ ਨੂੰ ਉਦੋਂ ਤੱਕ ਦੇਣ ਦਾ ਫ਼ੈਸਲਾ ਕੀਤਾ ਗਿਆ, ਜਦੋਂ ਤੱਕ ਜੰਮੂ-ਕਸ਼ਮੀਰ 'ਚ ਉਨ੍ਹਾਂ ਦੇ ਮਾਪਿਆਂ ਦਾ ਮੁੜ ਵਸੇਬਾ ਨਹੀਂ ਹੋ ਜਾਂਦਾ। ਸ਼੍ਰੋਮਣੀ ਕਮੇਟੀ ਦੀਆਂ ਟੀਮਾਂ ਵੱਲੋਂ ਜੰਮੂ-ਕਸ਼ਮੀਰ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਲਗਾਤਾਰ ਦੌਰੇ ਜਾਰੀ ਹਨ ਤਾਂ ਜੋ ਲੋੜ ਅਨੁਸਾਰ ਪੀੜਤਾਂ ਦੀ ਹੋਰ ਸਹਾਇਤਾ ਕੀਤੀ ਜਾ ਸਕੇ। ਉਥੇ ਸਿੱਖਾਂ ਦੇ ਤਬਾਹ ਹੋ ਚੁੱਕੇ ਕਾਰੋਬਾਰਾਂ ਅਤੇ ਢਹਿਢੇਰੀ ਹੋਏ ਘਰਾਂ ਦੇ ਵੀ ਸਰਵੇਖਣ ਕੀਤੇ ਗਏ ਹਨ ਜਿਸ ਤੋਂ ਬਾਅਦ ਸਿੱਖਾਂ ਦੇ ਢਹਿ ਚੁੱਕੇ ਮਕਾਨਾਂ ਦੀ ਮੁੜ ਉਸਾਰੀ 'ਚ ਵੀ ਸਹਾਇਤਾ ਦੇਣ ਦਾ ਫ਼ੈਸਲਾ ਕੀਤਾ ਹੈ।

ਰਿਪੋਰਟ- ਤਲਵਿੰਦਰ ਸਿੰਘ ਬੁੱਟਰ, 'ਸਤਿਆ ਸਵਦੇਸ਼'



# ਜੰਮੂ-ਕਸ਼ਮੀਰ ਵਿਚ ਗੁਰੂ ਰਾਮਦਾਸ ਲੰਗਰ ਦੇ ਪ੍ਰਸ਼ਾਦਿਆਂ ਨੇ ਮਿਟਾਈ ਹੜ੍ਹ ਪੀੜ੍ਹਤਾਂ ਦੀ ਭੁੱਖ

ਕਿਰਤ ਕਰਨੀ ਤੇ ਵੰਡ ਛਕਣਾ ਸਿੱਖ ਧਰਮ ਦੇ ਮੁੱਢਲੇ ਨੇਮਾਂ 'ਚ ਸ਼ਾਮਿਲ ਹਨ ਅਤੇ ਇਨ੍ਹਾਂ ਦਾ ਅੱਗੋਂ ਵਿਸਥਾਰ ਕਰਦਿਆਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਦਸਵੰਧ ਤੇ ਲੰਗਰ ਦੀਆਂ ਪ੍ਰਥਾਵਾਂ ਆਰੰਭ ਕੀਤੀਆਂ, ਇਸ ਦੇ ਪ੍ਰਸਾਰ ਤਹਿਤ ਸਿੱਖਾਂ ਨੇ ਕਿਸੇ ਕੁਦਰਤੀ ਕਰੋਪੀ ਮੌਕੇ ਹਮੇਸ਼ਾ ਧਰਮ ਨਿਰਪੱਖਤਾ ਨਾਲ ਲੋੜਵੰਦਾਂ ਦੀ ਸਹਾਇਤਾ ਕੀਤੀ ਹੈ ਅਤੇ ਹੁਣ ਕਸ਼ਮੀਰ 'ਚ ਹੜ੍ਹਾਂ ਮੌਕੇ ਕੀਤੇ ਜਾ ਰਹੇ ਰਾਹਤ ਕਾਰਜਾਂ ਨੇ ਸਿੱਖਾਂ ਦਾ ਮਾਣ ਮੁੜ ਕੌਮੀ ਪੱਧਰ 'ਤੇ ਵਧਾਇਆ ਹੈ। ਗੁਜਰਾਤ ਦੇ ਭੁਜ ਕੱਛ ਖੇਤਰ 'ਚ ੨੦੦੧ ਦੇ ਭਿਆਨਕ ਭੁਚਾਲ, ੨੦੦੪ 'ਚ ਓਡੀਸ਼ਾ ਦੀ ਸੁਨਾਮੀ ਤੇ ਪਿਛਲੇ ਸਾਲ ਉਤਰਾਖੰਡ 'ਚ ਵਾਪਰੀ ਕੁਦਰਤੀ ਕਰੋਪੀ ਤੋਂ ਬਾਅਦ ਹੁਣ ਕਸ਼ਮੀਰ 'ਚ ਪਹਿਲੀ ਵਾਰ ਆਏ ਭਿਆਨਕ ਹੜ੍ਹਾਂ ਦੌਰਾਨ ਫਸੇ ਲੋਕਾਂ ਦੀ ਮਦਦ ਲਈ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਲਗਾਤਾਰ ਯਤਨ ਕਰਦਿਆਂ ਜਿਥੇ ਰਾਸ਼ਨ








ਮੁਹੱਈਆ ਕਰਵਾਇਆ, ਉਥੇ ਉਨ੍ਹਾਂ ਦੇ ਅਸਥਾਈ ਵਸੇਬੇ ਲਈ ਕੈਂਪ ਲਗਾਉਣ ਤੋਂ ਇਲਾਵਾ ਇਲਾਜ ਸਹੂਲਤਾਂ ਲਈ ਭਰਵੇਂ ਯਤਨ ਕੀਤੇ ਹਨ। ਸ਼੍ਰੋਮਣੀ ਕਮੇਟੀ ਤੇ ਸਿੱਖਾਂ ਲਈ ਮਾਣ ਵਾਲੀ ਗੱਲ ਹੈ ਕਿ ਭਾਰਤੀ ਫੌਜ ਦੀ ਉੱਤਰੀ ਕਮਾਂਡ ਵੱਲੋਂ ਕਸ਼ਮੀਰੀ ਹੜ੍ਹ ਪੀੜਤਾਂ ਦੀ ਮਦਦ ਲਈ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਤੋਂ ਪ੍ਰਸ਼ਾਦੇ ਭੇਜਣ ਦੀ ਬੇਨਤੀ ਕੀਤੀ ਗਈ।

ਬੇਸ਼ੱਕ ਕਿਸੇ ਵੇਲੇ ਭਾਰਤੀ ਫੌਜ ਵੱਲੋਂ ਸਿੱਖਾਂ ਦੇ ਇਸ ਮੁਕੱਦਸ ਅਸਥਾਨ 'ਤੇ ਤੋਪਾਂ ਨਾਲ ਹਮਲਾ ਕੀਤਾ ਸੀ, ਪ੍ਰੰਤੂ ਹੁਣ ਉਨਾਂ ਵਲੋਂ ਕੀਤੀ ਬੇਨਤੀ ਨੇ ਦਰਸਾਇਆ ਹੈ ਕਿ ੮੪ ਦੇ ਕਾਰੇ ਲਈ ਉਨ੍ਹਾਂ ਨੂੰ ਪਛਤਾਵਾ ਜ਼ਰੂਰ ਹੋਇਆ ਹੈ। ਸ਼੍ਰੋਮਣੀ ਕਮੇਟੀ ਵੱਲੋਂ ੯ ਸਤੰਬਰ ਨੂੰ ਕਸ਼ਮੀਰ ਭੇਜੀ ਪਹਿਲੀ ਰਾਹਤ ਖੇਪ 'ਚ ੧੫ ਕੁਇੰਟਲ ਦਾਲ, ੩੫ ਕੁਇੰਟਲ ਚੌਲ, ੫ ਕੁਇੰਟਲ ਖੰਡ, ਕੁਇੰਟਲ ਚਾਹਪੱਤੀ, ਘਿਓ, ਤੇਲ, ਸੁੱਕਾ ਦੁੱਧ, ਲੂਣ ਹਲਦੀ ਨਾਲ ਬਡਗਾਮ ਖੇਤਰ ਦੇ ਗੁਰਦੁਆਰਾ ਸ਼ਹੀਦ ਬੁੰਗਾ ਵਿਖੇ ਲੰਗਰ ਅਤੇ ਰਾਹਤ ਕੈਂਪ ਸਥਾਪਿਤ ਕਰ ਦਿੱਤਾ ਗਿਆ। ਅਗਲੇ ਦਿਨ ਲੋੜ ਅਨੁਸਾਰ ਕੰਬਲ, ਸਿਰੋਪਾਓ, ਨਿਊਟਰੀ, ਸਾਬਣ ਤੇ ੫ ਹਜ਼ਾਰ ਲੋਕਾਂ ਲਈ ਪ੍ਰਸ਼ਾਦੇ ਭੇਜੇ ਗਏ। ਸ਼੍ਰੋਮਣੀ ਕਮੇਟੀ ਦੇ ਸਮੂਹ







ਮੁਲਾਜ਼ਮਾਂ ਨੇ ਆਪਣੀ ੨ ਦਿਨ ਦੀ ਤਨਖਾਹ ਰਾਹਤ ਕਾਰਜਾਂ ਲਈ ਸੌਂਪ ਦਿੱਤੀ। ੧੨ ਸਤੰਬਰ ਨੂੰ ਭਾਰਤੀ ਫੌਜ਼ ਦੀ ਬੇਨਤੀ 'ਤੇ ਗੁਰੂ ਰਾਮ ਦਾਸ ਲੰਗਰ ਵਿਖੇ ੨੫ ਹਜ਼ਾਰ ਲੋਕਾਂ ਲਈ ਵੱਡੀ ਪੱਧਰ 'ਤੇ ਪ੍ਰਸ਼ਾਦੇ, ਸਬਜ਼ੀ ਤੇ ਅਚਾਰ ਆਦਿ ਤਿਆਰ ਕਰਕੇ ਪੈਕਟ ਬਣਾਕੇ ਕਸ਼ਮੀਰੀਆਂ ਦੀ ਮਦਦ ਲਈ ਭੇਜੇ ਗਏ ਅਤੇ ਅਗਲੇ ਦਿਨ ਇਹ ਮਾਤਰਾ ਦੁੱਗਣੀ ਕੀਤੀ। ੧੪ ਸਤੰਬਰ ਨੂੰ ਇਕ ਲੱਖ ਲੋਕਾਂ ਲਈ ਬਣੇ ਪਲਾਓ ਭੇਜਣ ਦੀ ਤਿਆਰੀ ਨੂੰ ਫੌਜ ਵੱਲੋਂ ਉਥੇ ਪੁੱਜੇ ਰਾਸ਼ਣ ਦੀ ਬਹੁਤਾਤ ਕਾਰਨ ਰੋਕ ਲਾਉਣ ਦੀ ਬੇਨਤੀ ਕਰ ਦਿੱਤੀ। ਸ਼੍ਰੋਮਣੀ ਕਮੇਟੀ ਐਲਾਨ ਕੀਤਾ ਕਿ ਸਮੱਸਿਆ ਦੇ ਮੁਕੰਮਲ ਨਿਪਟਾਰੇ ਤੱਕ ਰਾਹਤ ਕਾਰਜ ਜਾਰੀ ਰਹਿਣਗੇ। ਸ਼੍ਰੋਮਣੀ ਕਮੇਟੀ ਵੱਲੋਂ ਉਥੇ ਫਸੇ ਕਰੀਬ ੨ ਹਜ਼ਾਰ ਪੰਜਾਬੀਆਂ ਦੀ ਸ਼ਨਾਖਤ ਕਰਦਿਆਂ ਉਨ੍ਹਾਂ ਨੂੰ ਵਾਪਸੀ ਦੀਆਂ ਹਵਾਈ ਟਿਕਟਾਂ ਮੁਹੱਈਆ ਕਰਵਾਈਆਂ ਗਈਆਂ। ਇਸ ਕੁਦਰਤੀ ਪ੍ਰਕੋਪ ਮੌਕੇ ਮਨੁੱਖਤਾ ਦੀ ਕੀਤੀ ਜਾ ਰਹੀ ਮਦਦ ਨੇ ਲੰਬੇ ਸਮੇਂ ਤੋਂ ਸਿੱਖਾਂ ਨੂੰ ਫਿਰਕੂ ਤੇ ਵੱਖਵਾਦੀ ਹੋਣ ਦਾ ਲੇਬਲ ਲਗਾ ਕੇ ਹੱਕਾਂ ਤੋਂ ਵਾਂਝੇ ਰੱਖ ਰਹੇ ਆਪੇ ਬਣੇ 'ਮੁਲਕਪ੍ਰਸਤਾਂ' ਨੂੰ ਸਿੱਖਾਂ ਦੀ ਸੋਚ ਅਤੇ ਸੇਵਾ ਤੋਂ ਸੇਧ ਲੈਣ ਦੀ ਲੋੜ ਪੈਦਾ ਕੀਤੀ ਹੈ।

ਰਿਪੋਰਟ- ਹਰਪ੍ਰੀਤ ਸਿੰਘ ਗਿੱਲ, ਰੋਜ਼ਾਨਾ ਅਜੀਤ (੧੪ ਸਤੰਬਰ ੨੦੧੪)








# ਸ਼੍ਰੋਮਣੀ ਕਮੇਟੀ ਕਸ਼ਮੀਰ ਦੇ ਹੜ੍ਹ ਪੀੜ੍ਹਤਾਂ ਲਈ ਮਦਦਗਾਰ ਬਣੀ

## ਰਾਹਤ ਸਮੱਗਰੀ ਭੇਜਣ ਅਤੇ ਫਸੇ ਲੋਕਾਂ ਨੂੰ ਲਿਆਉਣ ਦੀ ਕੀਤੀ ਪਹਿਲਕਦਮੀ

ਕਸ਼ਮੀਰ ਜੋ ਆਪਣੀ ਖ਼ੂਬਸੂਰਤੀ ਕਰਕੇ ਹਮੇਸ਼ਾਂ ਖਿੱਚ ਦਾ ਕੇਂਦਰ ਰਿਹਾ ਹੈ, ਹੜ੍ਹਾਂ ਦੀ ਭਿਆਨਕ ਮਾਰ ਹੇਠ ਹੈ। ਇਹ ਕੁਦਰਤੀ ਕਰੋਪੀ ਖਿੱਤੇ 'ਚ ਵੱਸਦੇ ਲੋਕਾਂ ਦੇ ਜੀਵਨ ਵਿਚ ਮੁਸੀਬਤਾਂ ਦਾ ਪਹਾੜ ਬਣ ਕੇ ਆਈ ਹੈ। ਇਸ ਅਤਿ ਮੁਸ਼ਕਿਲ ਹਾਲਾਤ ਵਿਚ ਲੋਕ ਕਿੱਧਰ ਜਾਣ, ਇਹ ਇੱਕ ਵੱਡਾ ਸਵਾਲ ਹੈ। ਪ੍ਰਭਾਵਿਤ ਲੋਕ ਬੇਘਰ ਹੋਏ ਖੁੱਲ੍ਹੇ ਅਸਮਾਨ ਹੇਠ ਜ਼ਿੰਦਗੀ ਦੇ ਕਰੂਰ ਪਲਾਂ ਦੇ ਰੂਬਰੂ ਹਨ। ਸਭ ਕੁਝ ਗਵਾ ਚੁੱਕੇ ਪੀੜਤਾਂ ਦੇ ਮਨਾਂ 'ਚ ਭਵਿੱਖ ਵਿਚ ਸੰਭਲਣ ਦੀਆਂ ਯੋਜਨਾਵਾਂ ਦਾ ਚੱਲਣਾ ਤਾਂ ਕੁਦਰਤੀ ਹੈ ਪਰ ਇਸ ਤੋਂ ਵੀ ਜ਼ਿਆਦਾ ਵੱਡਾ ਪ੍ਰਸ਼ਨ ਮੌਕੇ ਦੀ ਰਾਹਤ ਦਾ ਹੈ। ਬੇਸ਼ੱਕ ਮੌਕੇ 'ਤੇ ਰਾਹਤ ਕਾਰਜਾਂ ਵਿਚ ਸਰਕਾਰਾਂ ਨੇ ਆਪਣੀ ਬਣਦੀ ਭੂਮਿਕਾ ਨਿਭਾਈ ਹੈ, ਪਰ ਦੇਸ਼-ਦੁਨੀਆ ਵਿਚ ਦੁੱਖ ਦੀ ਘੜੀ ਮਨੁੱਖਤਾ ਨਾਲ ਖੜ੍ਹਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਭੂਮਿਕਾ ਹਮੇਸ਼ਾਂ ਦੀ ਤਰ੍ਹਾਂ ਪ੍ਰਸ਼ੰਸਾਯੋਗ ਹੈ। ਜੰਮੂ-ਕਸ਼ਮੀਰ ਵਿਚ ਹੜ੍ਹ ਪੀੜਤਾਂ ਦੀ ਮਦਦ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਲਈ ਕਮੇਟੀ ਦੇ ਪ੍ਰਧਾਨ ਜੱਥੇਦਾਰ








ਅਵਤਾਰ ਸਿੰਘ ਨੇ ਉਚੇਚੀ ਦਿਲਚਸਪੀ ਦਿਖਾਈ ਹੈ। ਉਨ੍ਹਾਂ ਦੇ ਨਿਰਦੇਸ਼ਾਂ ਤਹਿਤ ਰੋਜ਼ਾਨਾਂ ਹੀ ਰਾਹਤ ਸਮੱਗਰੀ ਜੰਮੂ-ਕਸ਼ਮੀਰ ਵਿਖੇ ਸ਼੍ਰੋਮਣੀ ਕਮੇਟੀ ਵੱਲੋਂ ਲਗਾਏ ਗਏ ਰਾਹਤ ਕੈਂਪਾਂ ਵਿਚ ਭੇਜੀ ਗਈ ਅਤੇ ਭੇਜੀ ਜਾ ਰਹੀ ਹੈ। ਇਸ ਰਾਹਤ ਸਮੱਗਰੀ ਵਿਚ ਰਾਸ਼ਨ, ਪਹਿਨਣ ਲਈ ਕੱਪੜੇ (ਟੀ-ਸ਼ਰਟਾਂ ਤੇ ਪਜਾਮੇ ਆਦਿ), ਬੱਚਿਆਂ ਲਈ ਦੁੱਧ, ਫੀਡਰ ਬੋਤਲਾਂ, ਕੰਬਲ, ਚੱਪਲਾਂ ਆਦਿ ਵਸਤਾਂ ਸ਼ਾਮਲ ਹਨ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਗੁਰੂ ਰਾਮਦਾਸ ਲੰਗਰ ਵਿਚ ਲੰਗਰ ਤਿਆਰ ਕਰ ਕੇ ਪੈਕਟਾਂ ਰਾਹੀਂ ਭੇਜਣ ਦੀ ਵਿਵਸਥਾ ਵੀ ਕੀਤੀ ਗਈ। ਤਿਆਰ ਕਰਕੇ ਭੇਜੇ ਜਾ ਰਹੇ ਲੰਗਰ ਵਿਚ ਪਰੌਂਠੇ, ਮਿੱਸੀ ਰੋਟੀ, ਆਲੂਆਂ ਦੀ ਸੁੱਕੀ ਸਬਜ਼ੀ, ਨਿਊਟਰੀ ਅਤੇ ਆਚਾਰ ਆਦਿ ਭੇਜਿਆ ਜਾਂਦਾ ਰਿਹਾ। ਇਸੇ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮਾਂ ਵੱਲੋਂ ਦੋ ਦਿਨ ਦੀ ਤਨਖ਼ਾਹ ਯੋਗਦਾਨ ਦੇ ਰੂਪ ਵਿਚ ਦੇਣ ਦਾ ਫ਼ੈਸਲਾ ਵੀ ਕੀਤਾ ਗਿਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੀੜਤਾਂ ਦੀ ਮਦਦ ਲਈ ਵਿਸ਼ੇਸ਼ ਟੀਮਾਂ ਨੇ ਵੀ ਪਹੁੰਚ ਕੀਤੀ। ਹਾਲਾਤ ਦਾ ਜਾਇਜ਼ਾ ਲੈਣ ਗਏ ਅਹੁਦੇਦਾਰਾਂ ਅਤੇ ਅਧਿਕਾਰੀਆਂ ਵਿਚ ਸ. ਕੇਵਲ ਸਿੰਘ ਬਾਦਲ ਜੂਨੀਅਰ ਮੀਤ ਪ੍ਰਧਾਨ, ਸ. ਕਰਨੈਲ ਸਿੰਘ ਪੰਜੋਲੀ ਤੇ ਸ. ਮੋਹਨ








ਸਿੰਘ ਬੰਗੀ ਅੰਤ੍ਰਿੰਗ ਮੈਂਬਰ, ਸ. ਦਲਮੇਘ ਸਿੰਘ ਖੱਟੜਾ ਸਕੱਤਰ, ਸ. ਦਿਲਜੀਤ ਸਿੰਘ 'ਬੇਦੀ' ਤੇ ਸ. ਬਲਵਿੰਦਰ ਸਿੰਘ ਜੌੜਾਸਿੰਘਾ ਐਡੀ: ਸਕੱਤਰ ਅਤੇ ਸ. ਭੁਪਿੰਦਰਪਾਲ ਸਿੰਘ ਮੀਤ ਸਕੱਤਰ ਵਿਸ਼ੇਸ਼ ਤੌਰ 'ਤੇ ਪ੍ਰਭਾਵਿਤ ਇਲਾਕਿਆਂ ਵਿਚ ਪਹੁੰਚੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜਿਥੇ ਪੀੜਤਾਂ ਨੂੰ ਰਾਹਤ ਸਮੱਗਰੀ ਮੁਹੱਈਆ ਕਰਵਾਉਣ ਲਈ ਪਹਿਲਕਦਮੀਂ ਕੀਤੀ ਹੈ, ਉਥੇ ਫਸੇ ਹੋਏ ਲੋਕਾਂ ਨੂੰ ਵਾਪਸ ਲਿਆਉਣ ਲਈ ਵੀ ਯਤਨ ਕੀਤੇ ਹਨ। ਹਵਾਈ ਟਿਕਟਾਂ ਦੀ ਸਹੂਲਤ ਦੇ ਕੇ ਵੱਧ ਤੋਂ ਵੱਧ ਫਸੇ ਲੋਕਾਂ ਨੂੰ ਵਾਪਸ ਲਿਆਂਦਾ ਗਿਆ।

ਇਸੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਹੜ੍ਹ ਪ੍ਰਭਾਵਿਤਾਂ ਲਈ ਵਿਸ਼ੇਸ਼ ਰਾਹਤ ਯੋਜਨਾ ਤਹਿਤ ਮੁਫ਼ਤ ਇਲਾਜ ਦੀ ਗੱਲ ਆਖੀ ਹੈ। ਉਨ੍ਹਾਂ ਕਿਹਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਹਾਇਤਾ ਯਤਨ ਲਗਾਤਾਰ ਜਾਰੀ ਹਨ ਅਤੇ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਵੱਧ-ਵੱਧ ਪੀੜਤਾਂ ਦੀ ਮਦਦ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਨੁਮਾਇੰਦਾ ਧਾਰਮਿਕ ਸੰਸਥਾ ਹੈ ਅਤੇ ਗੁਰੂ ਸਾਹਿਬਾਨ ਵੱਲੋਂ ਬਖਸ਼ੇ ਸਿਧਾਂਤ ਮੁਤਾਬਿਕ ਬਿਨਾਂ ਕਿਸੇ ਵਿਤਕਰੇ ਤੋਂ ਸਰਬੱਤ ਦੇ ਭਲੇ ਲਈ ਹਮੇਸ਼ਾਂ ਹੀ ਤਤਪਰ ਰਹਿੰਦੀ ਹੈ।

(੧੫ ਸਤੰਬਰ ੨੦੧੪ ਦੇ 'ਰੋਜ਼ਾਨਾ ਪੰਜਾਬ ਟਾਇਮਜ਼' ਵਿੱਚੋਂ)








# ਵਾਦੀ ਦੇ ਹੜ੍ਹ ਪੀੜਤ ਢੁਕਵੀਂ ਮਦਦ ਲਈ ਸਿੱਖ ਸੰਸਥਾਵਾਂ ਦੇ ਸ਼ੁਕਰਗੁਜ਼ਾਰ

ਕਸ਼ਮੀਰ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਪੀੜ੍ਹਤਾਂ ਨੂੰ ਮਦਦ ਦੇਣ ਦੇ ਮਾਮਲੇ ਵਿੱਚ ਸਿੱਖ ਸੰਸਥਾਵਾਂ ਨੇ ਅਹਿਮ ਰੋਲ ਨਿਭਾਇਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਇਹ ਸਿੱਖ ਸੰਸਥਾਵਾਂ ਪੀੜ੍ਹਤਾਂ ਲਈ ਵੱਡੇ ਮਦਦਗਾਰ ਵਜੋਂ ਉਭਰੀਆਂ ਹਨ ਜਿਸ ਨਾਲ ਭਾਈਚਾਰੇ ਦਾ ਮਾਣ ਵਧਿਆ ਹੈ।

ਕਸ਼ਮੀਰ ਵਾਦੀ ਵਿੱਚ ੭ ਸਤੰਬਰ ਦੀ ਰਾਤ ਨੂੰ ਅਚਨਚੇਤੀ ਹੜ੍ਹ ਆ ਗਿਆ ਸੀ ਜਿਸ ਨਾਲ ਵੱਡੇ ਪੱਧਰ 'ਤੇ ਮਾਲੀ ਨੁਕਸਾਨ ਹੋਇਆ ਸੀ। ਇਸ ਮੌਕੇ ਸਿੱਖ ਸੰਸਥਾਵਾਂ ਨੇ ਬਿਨਾਂ ਕਿਸੇ ਭੇਦਭਾਵ ਤੋਂ ਰਾਸ਼ਨ, ਗਰਮ ਕੱਪੜੇ, ਕੰਬਲ ਤੇ ਬਿਸਤਰੇ ਆਦਿ ਵੰਡੇ ਜਦਕਿ ਮੈਡੀਕਲ ਕੈਂਪ ਲਾ ਕੇ ਮੁਫ਼ਤ ਦਵਾਈਆਂ ਵੰਡੀਆਂ ਤੇ ਲੋਕਾਂ ਦਾ ਇਲਾਜ ਕੀਤਾ। ਹੜ੍ਹ ਦੌਰਾਨ ਲੋਕਾਂ ਨੂੰ ਗੁਰਦੁਆਰਿਆਂ ਵਿਚ ਠਹਿਰਾਇਆ ਗਿਆ। ਇਸ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ, ਸਰਬੱਤ ਦਾ ਭਲਾ ਟਰਸੱਟ, ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ ਅਤੇ ਹੋਰ ਸਵੈਸੇਵੀ ਜਥੇਬੰਦੀਆਂ ਨੇ ਅਹਿਮ ਯੋਗਦਾਨ ਪਾਇਆ ਹੈ, ਜਿਨ੍ਹਾਂ 'ਚੋਂ ਸਭ ਤੋਂ ਅੱਗੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੈ।

ਸ਼੍ਰੋਮਣੀ ਕਮੇਟੀ ਵੱਲੋਂ ੯ ਸਤੰਬਰ ਨੂੰ ਬਡਗਾਮ ਸਥਿਤ ਗੁਰਦੁਆਰਾ ਸ਼ਹੀਦ ਬੁੰਗਾ ਵਿਖੇ ਰਾਹਤ ਕੈਂਪ ਸਥਾਪਤ ਕਰ ਦਿੱਤਾ ਗਿਆ ਸੀ ਅਤੇ ਰਾਹਤ ਸਮੱਗਰੀ ਵੰਡਣ ਲਈ ਲਗਪਗ ੨੦ ਕਰਮਚਾਰੀ ਤਾਇਨਾਤ ਕਰ ਦਿੱਤੇ ਸਨ। ਸ੍ਰੀ ਗੁਰੂ ਰਾਮਦਾਸ ਮੈਡੀਕਲ ਕਾਲਜ ਦੇ ਡਾਕਟਰਾਂ ਦੀ ਟੀਮ ਵੀ ਪੱਕੇ ਤੌਰ 'ਤੇ ਤਾਇਨਾਤ ਕਰ ਦਿੱਤੀ ਗਈ ਸੀ। ਵੇਰਵਿਆਂ ਅਨੁਸਾਰ ਸ਼੍ਰੋਮਣੀ ਕਮੇਟੀ ਹੁਣ ਤਕ ੮੦੦ ਟਨ ਤੋਂ

ਵਧੇਰੇ ਰਾਹਤ ਸਮੱਗਰੀ ਵੰਡ ਚੁੱਕੀ ਹੈ। ਸਿੱਖ ਸੰਸਥਾਵਾਂ ਦੇ ਇਸ ਸਹਿਯੋਗ ਤੋਂ ਕਸ਼ਮੀਰ ਵਾਦੀ ਦੇ ਮੁਸਲਿਮ ਭਾਈਚਾਰੇ ਸਮੇਤ ਹਰ ਧਰਮ ਦੇ ਲੋਕ ਸੰਤੁਸ਼ਟ ਹਨ। ਸਿੱਖ ਸੰਸਥਾਵਾਂ ਤੋਂ ਮਿਲ ਰਹੀ ਮਦਦ ਦੀ ਭਰਵੀਂ ਸ਼ਲਾਘਾ ਕੀਤੀ ਜਾ ਰਹੀ ਹੈ।

ਇਸ ਸਬੰਧੀ ਜਵਾਹਰ ਨਗਰ ਦੇ ਵਾਸੀ ਹਾਜੀ ਗੁਲਾਮ ਮੁਹੰਮਦ ਮੋਤੂ ਨੇ ਆਖਿਆ ਕਿ ਹੁਣ ਤਕ ਹੜ੍ਹ ਪੀੜ੍ਹਤਾਂ ਦੀ ਪੰਜਾਬ ਅਤੇ ਅੰਮ੍ਰਿਤਸਰ ਤੋਂ ਆਏ ਸ਼੍ਰੋਮਣੀ ਕਮੇਟੀ ਦੇ ਲੋਕਾਂ ਨੇ ਹੀ ਮਦਦ ਕੀਤੀ ਹੈ ਜਦੋਂਕਿ ਕੋਈ ਵੀ ਕਸ਼ਮੀਰੀ ਸੰਸਥਾ ਮਦਦ ਲਈ ਅੱਗੇ ਨਹੀਂ ਆਈ ਹੈ। ਇਸ ਬਜ਼ੁਰਗ ਨੇ ਸ਼੍ਰੋਮਣੀ ਕਮੇਟੀ ਦੇ ਨੁਮਾਇੰਦਿਆਂ ਦਾ ਧੰਨਵਾਦ ਕੀਤਾ। ਰਿਆਜ ਅਹਿਮਦ ਨੇ ਵੀ ਸਿੱਖ ਸੰਸਥਾਵਾਂ ਵੱਲੋਂ ਕੀਤੀ ਜਾ ਰਹੀ ਮਦਦ ਦੀ ਸ਼ਲਾਘਾ ਕੀਤੀ। ਰਾਹਤ ਕੈਂਪ ਵਿੱਚ ਮਦਦ ਲੈਣ ਲਈ ਆ ਰਹੇ ਹਰ ਵਰਗ ਦੇ ਲੋਕਾਂ ਨੇ ਵੀ ਸਿੱਖ ਸੰਸਥਾਵਾਂ ਦੇ ਸਹਿਯੋਗ ਦੀ ਸ਼ਲਾਘਾ ਕੀਤੀ ਹੈ। ਗੁਰਦੁਆਰਾ ਸਥਿਤ ਰਾਹਤ ਕੈਂਪ ਦੇ ਉਸ ਰਜਿਸਟਰ ਵਿੱਚ ਵਧੇਰੇ ਹੋਰ ਫ਼ਿਰਕਿਆਂ ਦੇ ਲੋਕਾਂ ਦੇ ਨਾਂ ਸ਼ਾਮਲ ਹਨ, ਜਿਨ੍ਹਾਂ ਨੂੰ ਰਾਹਤ ਸਮੱਗਰੀ ਵੰਡੀ ਗਈ ਹੈ। ਇਸ ਸਬੰਧੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਉਪ ਕੁਲਪਤੀ ਡਾ. ਜਸਪਾਲ ਸਿੰਘ ਨੇ ਦੱਸਿਆ ਕਿ ਉਹ ਖੁਦ ਵੀ ਹੜ੍ਹ ਪ੍ਰਭਾਵਿਤ ਇਲਾਕੇ ਦਾ ਦੌਰਾ ਕਰ ਕੇ ਪਰਤੇ ਹਨ। ਹੜ੍ਹ ਪ੍ਰਭਾਵਿਤ ਇਲਾਕੇ ਵਿਚ ਸਿੱਖ ਸੰਸਥਾਵਾਂ ਵੱਲੋਂ ਕੀਤੀ ਗਈ ਮਦਦ ਨਾਲ ਸਮੁੱਚੇ ਸਿੱਖ ਭਾਈਚਾਰੇ ਦਾ ਮਾਣ ਵਧਿਆ ਹੈ। ਉਨ੍ਹਾਂ ਆਖਿਆ ਕਿ ਸਿੱਖ ਸੰਸਥਾਵਾਂ ਵਿੱਚੋਂ ਖਾਸ ਕਰਕੇ ਸ਼੍ਰੋਮਣੀ ਕਮੇਟੀ ਨੇ ਸ਼ਲਾਘਾਯੋਗ ਕੰਮ ਕੀਤਾ ਹੈ। ਭਵਿੱਖ ਵਿਚ ਸਿੱਖ ਭਾਈਚਾਰੇ ਦੇ ਨੁਕਸਾਨੇ ਗਏ ਘਰਾਂ ਅਤੇ ਕਾਰੋਬਾਰ ਦੀ ਮੁੜ ਸਥਾਪਤੀ ਲਈ ਵੀ ਸਿੱਖ ਸੰਸਥਾਵਾਂ ਵੱਲੋਂ ਯਤਨ ਕੀਤੇ ਜਾ ਰਹੇ ਹਨ।

ਦੱਸਣਯੋਗ ਹੈ ਕਿ ਮੁਸਲਿਮ ਭਾਈਚਾਰੇ ਦੇ ਆਗੂ ਜਿਨ੍ਹਾਂ ਵਿੱਚ ਯਾਸਿਨ ਮਲਿਕ, ਸਈਅਦ ਅਲੀ ਸ਼ਾਹ ਗਿਲਾਨੀ, ਮਹਿਲਾ ਕਮਿਸ਼ਨ ਦੀ ਚੇਅਰਪਰਸਨ ਸ਼ਮੀਮਾ ਫਿਰਦੋਸ ਤੇ ਹੋਰ ਕਈ ਆਗੂ ਸ਼ਾਮਲ ਹਨ, ਸਿੱਖ ਸੰਸਥਾਵਾਂ ਕੋਲੋਂ ਮਦਦ ਪ੍ਰਾਪਤ ਕਰ ਚੁੱਕੇ ਹਨ। ਇਨ੍ਹਾਂ ਆਗੂਆਂ ਨੇ ਇਸ ਕਾਰਜ ਲਈ ਸਿੱਖ ਸੰਸਥਾਵਾਂ ਦੀ ਭਰਵੀਂ ਸ਼ਲਾਘਾ ਵੀ ਕੀਤੀ ਹੈ।

ਰਿਪੋਰਟ- ਜਗਤਾਰ ਸਿੰਘ ਲਾਂਬਾ, ਰੋਜ਼ਾਨਾ ਪੰਜਾਬੀ ਟ੍ਰਿਬਿਊਨ (੧੧ ਅਕਤੂਬਰ ੨੦੧੪)

